ਬੱਚਿਆਂ ਲਈ ਬਾਈਬਲ

ਉਪੱਸਥਿਤ



# ਕਲੀਸੀਆ ਦਾ ਮੁਸ਼ਕਲਾਂ ਨਾਲ ਸਾਹਮਣਾ

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਬਦਲਿਆ ਗਿਆ : Ruth Klassen
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada

©2015 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਪਰਮੇਸ਼ਵਰ ਦੇ ਪੁੱਤਰ ਯਿਸੂ ਦੇ ਮੁਰਦਿਆਂ ਵਿੱਚੋਂ ਜੀਉਣ ਦੇ ਪੰਜਾਹ ਦਿਨ ਬਾਅਦ, ਪਵਿੱਤਰ ਆਤਮਾਂ ਉਸਦਿਆਂ ਚੇਲਿਆਂ ਦੇ ਜੀਵਣ ਵਿੱਚ ਆਇਆ। ਭਾਂਵੇ ਚੇਲਿਆਂ ਨੂੰ ਨਹੀ ਸਮਝ ਆਇਆ ਕੀ ਪਰਮੇਸ਼ਵਰ ਪਿਤਾ, ਪਰਮੇਸ਼ਵਰ ਪੁੱਤਰ (ਯਿਸੂ), ਅਤੇ ਪਰਮੇਸ਼ਵਰ  ਪਵਿੱਤਰ ਆਤਮਾਂ ਕਿਵੇਂ ਇੱਕ ਪਰਮੇਸ਼ਵਰ ਹਨ, ਉਹ ਪਰਮੇਸ਼ਵਰ ਨੂੰ ਆਪਣੇ ਨਾਲ ਪਾ ਕੇ ਖੁਸ਼ ਸਨ। ਪਰਮੇਸ਼ਵਰ ਨੇ ਰਸੂਲਾਂ ਦੀ ਮਦਦ ਦੇ ਦੁਆਰਾ ਬਾਕੀਆਂ ਨੂੰ ਯਿਸੂ ਦੇ ਬਾਰੇ ਦੱਸਣ ਲਈ ਅਦਭੁਤ ਕੰਮ ਕੀਤੇ।



ਜਿਹੜੇ ਲੋਕ ਯਿਸੂ ਤੇ ਵਿਸ਼ਵਾਸ਼ ਕਰਦੇ ਸਨ
ਉਹਨਾਂ ਨੇ ਆਪਣਾ ਸਭ ਕੁਝ ਵੰਡ ਦਿੱਤਾ
ਅਤੇ ਗਰੀਬਾਂ ਦਾ ਧਿਆਨ ਰੱਖਿਆ। ਪਰ
ਇੱਕ ਜੋੜਾ ਅਨਨੀਆ ਅਤੇ ਸਫ਼ੀਰਾ
ਆਗਿਆ ਕਾਰੀ ਨਾ ਰਹੇ। ਉਹਨਾਂ
ਕੁਝ ਜ਼ੁਗਾ ਵੇਚੀ ਰਸੂਲਾਂ ਦੇ
ਕੋਲ ਲਿਆਉਣ ਲਈ
ਪਾਖੰਡ ਕੀਤਾ। ਉਹਨਾਂ
ਨੇ ਕੁਝ ਆਪਣੇ
ਲਈ ਰੱਖ ਲਈ।





“ਸ਼ੈਤਾਨ ਨੇ ਤੁਹਾਡਾ ਦਿਮਾਗ ਪਵਿੱਤਰ ਆਤਮਾ ਨਾਲ ਝੂਠ ਬੋਲਣ ਲਈ ਕਿਉਂ ਭਰ ਦਿੱਤਾ?” ਪਤਰਸ ਨੇ ਅਨਨੀਆ ਨੂੰ ਪੁੱਛਿਆ। “ਤੂੰ ਮਨੁੱਖ ਨੂੰ ਨਹੀ ਪਰ ਪਰਮੇਸ਼ਵਰ ਨੂੰ ਝੂਠ ਬੋਲਿਆ ਹੈ।” ਤਦ ਅਨਨੀਆ ਡਿੱਗ ਪਿਆ ਅਤੇ ਆਪਣਾ ਆਖਰੀ ਸਾਹ ਲਿਆ। ਅਤੇ ਜਵਾਨ ਮਨੁੱਖਾਂ ਨੇ ਉਸ ਨੂੰ ਵਲੇਟਿਆ, ਚੁੱਕ ਕੇ ਬਾਹਰ ਲੈ ਗਏ ਅਤੇ ਦਫ਼ਨਾ ਦਿੱਤਾ।

ਕੁਝ ਸਮੇ ਬਾਅਦ, ਸਫ਼ੀਰਾ ਇਹ ਨਾ ਜਾਣਦੀ ਹੋਈ ਕੀ ਉਸਦਾ ਪਤੀ ਮਰ ਗਿਆ ਹੈ,ਅੰਦਰ ਆਈ। ਉਸਨੇ ਵੀ ਰੁਪਏ ਲਈ ਝੂਠ ਬੋਲਿਆ - ਅਤੇ ਉਹੀ ਕੁਝ ਉਸਦੇ ਨਾਲ ਵੀ ਹੋਇਆ। ਉਹਨਾਂ ਸਭਨਾਂ ਦੇ ਅੰਦਰ ਵੱਡਾ ਡਰ ਆ ਗਿਆ ਜਿਹਨਾਂ ਨੇ ਇਸ ਨੂੰ ਸੁਣਿਆ।



ਪਰਮੇਸ਼ਵਰ ਦੀ ਪਵਿੱਤਰ
ਆਤਮਾ ਨੇ ਬਹੁਤ ਸਾਰੇ
ਚਿੰਨ ਅਤੇ ਅਦਭੁਤ
ਕੰਮ ਰਸੂਲਾਂ ਦੇ
ਦੁਆਰਾ ਕੀਤੇ।
ਉਦਾਹਰਣ ਵਜੋਂ, ਜਦੋਂ
ਪਤਰਸ ਦਾ ਪਰਸ਼ਾਵਾਂ
ਉਹਨਾਂ ਤੇ ਪਿਆ ਤਾਂ
ਬਿਮਾਰ ਚੰਗੇ ਹੋ ਗਏ।



ਇਹ ਮਹਾਨ ਚਮਤਕਾਰਾਂ ਦਾ ਸਮਾਂ ਸੀ, ਜੋ ਪਰਮੇਸ਼ਵਰ ਦੀ ਮੌਜੂਦਗੀ ਨੂੰ ਦਿਖਾ ਰਿਹਾ ਸੀ। ਬਹੁਤ ਅਤੇ ਬਹੁਤ ਲੋਕਾਂ ਨੇ ਯਿਸੂ ਤੇ ਵਿਸ਼ਵਾਸ਼ ਕੀਤਾ। ਇਸ ਨੇ ਮਹਾਂ - ਯਾਜਕ ਨੂੰ ਬਹੁਤ ਗੁੱਸਾ ਦਵਾਇਆ।



ਉਸ ਨੇ ਰਸੂਲਾਂ ਨੂੰ ਜੇਲ ਵਿੱਚ ਸੁੱਟ ਦਿੱਤਾ।



ਪਰ ਪਰਮੇਸ਼ਵਰ ਦੇ ਦੂਤ
ਨੇ ਰਾਤ ਦੇ ਵੇਲੇ ਜੇਲ ਦੇ
ਦਰਵਾਜੇ ਖੋਲ ਦਿੱਤੇ ਅਤੇ
ਉਹਨਾਂ ਨੂੰ ਬਾਹਰ ਕੱਢਿਆ,
ਅਤੇ ਕਿਹਾ, "ਜਾਓ,
ਮੰਦਰ ਦੇ ਵਿੱਚ ਖੜੇ ਹੋ ਕੇ
ਸਾਰਿਆ ਲੋਕਾਂ ਨੂੰ ਇਸ ਜਿੰਦਗੀ ਦੇ ਵਚਨ ਨੂੰ ਦੱਸੋ।" ਰਸੂਲਾਂ ਨੇ ਬਾਹਰ ਜਾ ਕੇ ਯਿਸੂ ਦੇ ਬਾਰੇ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ। ਸਵੇਰ ਦੇ ਵੇਲੇ, ਮਹਾਂ - ਯਾਜਕ ਦੇ ਮਨੁੱਖਾਂ ਨੇ ਜੇਲ ਨੂੰ ਖਾਲੀ ਪਾਇਆ।

ਅੰਤ ਵਿੱਚ ਜਦ ਮਹਾਂ - ਯਾਜਕ ਨੇ ਉਹਨਾਂ ਨੂੰ ਲੱਭ ਲਿਆ ਤਾਂ ਰਸੂਲਾਂ ਤੇ ਬਹੁਤ ਗੁੱਸਾ ਕੀਤਾ। “ਕੀ ਅਸੀ ਤੁਹਾਨੂੰ ਬੜੀ ਹੀ ਸਖਤੀ ਨਾਲ ਹੁਕਮ ਨਹੀ ਦਿੱਤਾ ਕੀ ਤੁਸੀ ਇਸ ਨਾ ਦਾ ਪਰਚਾਰ ਨਹੀ ਕਰਨਾ?” “ਸਾਨੂੰ ਮਨੁੱਖ ਨਾਲੋਂ ਪਰਮੇਸ਼ਵਰ ਦੀ ਆਗਿਆ ਮੰਨਣੀ ਚਾਹੀਦੀ ਹੈ,” ਪਤਰਸ ਅਤੇ ਬਾਕੀ ਰਸੂਲਾਂ ਨੇ ਉੱਤਰ ਦਿੱਤਾ। ਮਹਾਂ - ਯਾਜਕ ਨੂੰ ਬਹੁਤ ਗੁੱਸਾ ਆਇਆ, ਉਹ ਰਸੂਲਾਂ ਨੂੰ ਮਾਰਨਾਂ ਚਾਹੁੰਦਾ ਸੀ। ਉਸਦੀ ਜ੍ਹਗਾ ਤੇ ਉਸ ਨੇ ਹੁਕਮ ਦਿੱਤਾ ਕੇ ਇਹਨਾਂ ਨੂੰ ਕੁੱਟ ਕੇ ਛੱਡ ਦਿੱਤਾ ਜਾਵੇ। ਦਰਦ ਦੇ ਬਾਵਜੂਦ ਵੀ ਰਸੂਲਾਂ ਨੇ ਪਰਮੇਸ਼ਵਰ ਦੀ ਆਗਿਆ ਮੰਨੀ ਅਤੇ ਯਿਸੂ ਦੇ ਬਾਰੇ ਪਰਚਾਰ ਕਰਨਾ ਜਾਰੀ ਰੱਖਿਆ।



ਇੱਕ ਦਿਨ ਸਤਿਫ਼ਨੁਸ ਨਾ ਦਾ ਮਨੁੱਖ ਫੜਿਆ ਗਿਆ। ਸਤਿਫ਼ਨੁਸ ਪ੍ਰਭੂ ਯਿਸੂ ਨੂੰ ਪਿਆਰ ਕਰਦਾ ਸੀ। ਪਵਿੱਤਰ ਆਤਮਾ ਉਸਨੂੰ ਬਾਕੀਆ ਨੂੰ ਯਿਸੂ ਦੇ ਬਾਰੇ ਦੱਸਣ ਲਈ ਇਸਤੇਮਾਲ ਕਰ ਰਹੀ ਸੀ। ਕੁੱਝ ਮਨੁੱਖਾਂ ਨੇ ਇਹ ਕਹਿ ਕੇ ਝੂਠ ਬੋਲਿਆ, ਕੀ ਸਤਿਫ਼ਨੁਸ ਪਰਮੇਸ਼ਵਰ ਦੇ ਖਿਲਾਫ ਬੋਲ ਰਿਹਾ ਹੈ। ਮਜ਼ਾਕ ਉਡਾਓਣ ਦੇ ਸਮੇ ਤੋਂ ਬਾਅਦ, ਸਤਿਫ਼ਨੁਸ ਨੂੰ ਪਥਰਾਵ ਦੀ ਮੌਤ ਦਿੱਤੀ ਗਈ ਕਿਉਂਕਿ ਉਸਨੂੰ ਯਿਸੂ ਉੱਤੇ ਵਿਸ਼ਵਾਸ਼ ਸੀ।



ਮਰਨ ਤੋਂ ਪਹਿਲਾਂ,ਸਤਿਫ਼ਨੁਸ
ਪਵਿੱਤਰ ਆਤਮਾ ਨਾਲ ਭਰ ਕੇ,
ਸਵਰਗ ਵੱਲ ਤੱਕਿਆ ਅਤੇ
ਪਰਮੇਸ਼ਵਰ ਦੀ ਮਹਿਮਾਂ
ਨੂੰ ਅਤੇ ਪਰਮੇਸ਼ਵਰ
ਦੇ ਸੱਜੇ ਹੱਥ ਖੜਾ
ਵੇਖਿਆ।ਭੀੜ
ਸਤਿਫ਼ਨੁਸ ਨੂੰ
ਪਥਰਾਵ ਕਰਦੀ
ਰਹੀ ਜਦ ਉਹ
ਪਰਮੇਸ਼ਵਰ ਨੂੰ
ਪੁਕਾਰ ਕੇ ਕਹਿ ਰਿਹਾ
ਸੀ, “ਪ੍ਰਭੂ ਯਿਸੂ,
ਮੇਰੀ ਆਤਮਾ ਨੂੰ
ਕਬੂਲ ਕਰੋ।”



ਤਦ, ਯਿਸੂ ਦੀ ਤ੍ਰਰਾਂ ਸਲੀਬ
ਉੱਤੇ, ਇਸ ਬਹਾਦਰ ਮਨੁੱਖ ਨੇ
ਉਸਦੇ ਆਖਰੀ ਸਾਹਾਂ ਨੂੰ
ਪ੍ਰਾਥਨਾਂ ਲਈ ਇਸਤੇਮਾਲ
ਕੀਤੇ ਕੀ ਪਰਮੇਸ਼ਵਰ
ਉਸਨੂੰ ਮਾਰਨ
ਵਾਲਿਆਂ ਨੂੰ
ਮਾਫ਼ ਕਰੇ।



ਸਤਿਫ਼ਨੁਸ ਦੀ ਮੌਤ ਨਾਲ ਜ਼ੁਲਮ ਦੀ ਇੱਕ ਨਵੀ ਲਹਿਰ ਦੀ ਸ਼ੁਰੂਆਤ ਹੋਈ। ਇੱਕ ਜਵਾਨ ਮਨੁੱਖ ਜਿਸ ਦਾ ਨਾ ਸ਼ੋਲ ਸੀ, ਜਿਸ ਨੇ ਸਤਿਫ਼ਨੁਸ ਦੇ ਕਤਲ ਵਿੱਚ ਮਦਦ ਕੀਤੀ ਸੀ, ਉਹਨਾਂ ਸਾਰੇ ਮਸੀਹੀਆਂ ਨੂੰ ਗਿਰਫ਼ਤਾਰ ਕਰ ਰਿਹਾ ਸੀ ਜੋ ਉਸਨੂੰ ਮਿਲਦੇ ਸਨ। ਬਹੁਤ ਸਾਰੇ ਆਪਣੇ ਘਰਾਂ ਨੂੰ ਛੱਡ ਕੇ ਭੱਜ ਗਏ ਅਤੇ ਜੂਦੀਆ ਵਿੱਚ ਅਤੇ ਸਾਮਰੀਯਾ ਵਿੱਚ ਫ਼ੈਲ ਗਏ। ਸਿਰਫ਼ ਰਸੂਲ ਹੀ ਯਰੂਸ਼ਲਮ ਦੇ ਵਿੱਚ ਰੁਕੇ ਰਹੇ।



ਇੱਥੋਂ ਤੱਕ ਉਹਨਾਂ ਦੇ ਦੁਸ਼ਮਣਾਂ ਨੇ ਉਹਨਾਂ ਨੂੰ ਮਾਰਨ ਦੀ ਕੋਸ਼ੀਸ਼ ਕੀਤੀ. ਜਿਹੜੇ ਨਿੱਖੜ ਗਏ ਸਨ ਉਹਨਾਂ ਨੇ ਹਰ ਜੁਗਾ ਜਾ ਕੇ ਯਿਸੂ ਦੇ ਬਾਰੇ ਸ਼ੁੱਭ ਸਮਾਚਾਰ ਦਾ ਪਰਚਾਰ ਕੀਤਾ। ਯਿਸੂ ਦੇ ਪਿੱਛੇ ਚੱਲਣ ਵਾਲਿਆਂ ਨੂੰ ਕੋਈ ਨਹੀ ਰੋਕ ਸਕਦਾ - ਕਿਉਂਕਿ ਪਰਮੇਸ਼ਵਰ ਦਾ ਪਵਿੱਤਰ ਆਤਮਾਂ ਉਹਨਾਂ ਵਿੱਚ ਰਹਿੰਦਾ ਹੈ ਅਤੇ ਉਹਨਾਂ ਦੁਆਰਾ ਕੰਮ ਕਰਦਾ ਹੈ।



# ਕਲੀਸੀਆ ਦਾ ਮੁਸ਼ਕਲਾਂ ਨਾਲ ਸਾਹਮਣਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਰਸੂਲਾਂ ਦੇ ਕਰਤੱਵ 5-7

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੋਤੇ ਪੁੱਤਰ ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16